

## ਕਮਪਲੇਂਟ ਰੈਜ਼ੋਲੂਸ਼ਨ (ਸ਼ਿਕਾਇਤਾਂ ਦਾ ਹੱਲ) ਲਈ ਕਿਸ ਕਿਸਮ ਦੀਆਂ ਸ਼ਿਕਾਇਤਾਂ ਢੁਕਵੀਂਆਂ ਹਨ?

ਜਿਹੜੀਆਂ ਸ਼ਿਕਾਇਤਾਂ:

- ਘੱਟ ਗੰਭੀਰ ਕਿਸਮ ਦੀਆਂ ਹਨ।
- ਜਿਨ੍ਹਾਂ ਵਿਚ ਗੰਭੀਰ ਸੱਟ ਦੇ ਦੋਸ਼ ਸ਼ਾਮਲ ਨਹੀਂ ਹਨ।
- ਘੱਟ ਗੁੰਝਲਦਾਰ ਮਸਲਿਆਂ ਵਾਲੀਆਂ ਹਨ।

ਉਦਾਹਰਣ ਲਈ, ਉਹ ਇਨ੍ਹਾਂ ਬਾਰੇ ਹੋ ਸਕਦੀਆਂ ਹਨ:

- **ਬਦਤਮੀਜ਼ੀ** – ਕਿਸੇ ਅਫਸਰ ਨੇ ਕਿਸੇ ਵਿਅਕਤੀ ਨਾਲ ਕਿਵੇਂ ਗੱਲ ਕੀਤੀ ਹੈ ਜਾਂ ਕਿਵੇਂ ਵਰਤਾਉ ਕੀਤਾ ਹੈ।
- **ਡਿਊਟੀ ਵਿਚ ਲਾਪਰਵਾਹੀ** – ਜਿੱਥੇ ਕੋਈ ਅਫਸਰ ਉਹ ਫਰਜ਼ ਪੂਰਾ ਕਰਨ ਵਿਚ ਫੇਲ੍ਹ ਹੋਇਆ ਹੈ ਜਿਹੜਾ ਉਸ ਤੋਂ ਪੂਰਾ ਕਰਨ ਦੀ ਮੰਗ ਕੀਤੀ ਜਾਂਦੀ ਹੈ।
- **ਅਧਿਕਾਰ ਦੀ ਦੁਰਵਰਤੋਂ** – ਨਜ਼ਰਬੰਦੀਆਂ, ਗ੍ਰਿਫਤਾਰੀਆਂ, ਤਲਾਸ਼ੀਆਂ ਅਤੇ ਪੁਲੀਸ ਵਲੋਂ ਤਾਕਤ ਦੀ ਵਰਤੋਂ ਦੇ ਹੇਠਲੇ ਪੱਧਰਾਂ ਨਾਲ ਜੁੜੇ ਹੋਏ ਸਰੋਕਾਰ।

## ਨਤੀਜਿਆਂ ਦੀਆਂ ਉਦਾਹਰਣਾਂ:

- ਮਾਫ਼ੀ ਮੰਗਣਾ।
- ਅਫਸਰ ਦੇ ਵਤੀਰੇ ਦੇ ਅਸਰ ਨੂੰ ਪ੍ਰਵਾਨ ਕਰਨਾ।
- ਦ੍ਰਿਸ਼ਟੀਕੋਣਾਂ ਦਾ ਤਬਾਦਲਾ।
- ਅਫਸਰ ਲਈ ਟਰੇਨਿੰਗ।

## ਓ ਪੀ ਸੀ ਸੀ ਦਾ ਕੀ ਰੋਲ ਹੈ?

***ਅਸੀਂ ਜਵਾਬਦੇਹ ਅਤੇ ਅਸਰਦਾਰ ਹੱਲ ਯਕੀਨੀ ਬਣਾਉਂਦੇ ਹਾਂ।***

ਓ ਪੀ ਸੀ ਸੀ, ਰੈਜ਼ੋਲੂਸ਼ਨ ਦੀ ਕਾਰਵਾਈ ਵਿਚ ਇਨਸਾਫ ਅਤੇ ਸ਼ਾਮਲ ਧਿਰਾਂ ਲਈ ਅਰਥਪੂਰਨ ਨਤੀਜਿਆਂ ਨੂੰ ਯਕੀਨੀ ਬਣਾਉਂਦਾ ਹੈ।

ਅਸੀਂ ਸਾਰੀਆਂ ਸ਼ਿਕਾਇਤਾਂ ’ਤੇ ਵਿਚਾਰ ਕਰਦੇ ਹਾਂ ਅਤੇ ਜੇ ਢੁਕਵਾਂ ਹੋਵੇ ਤਾਂ ਲੋਕਾਂ ਨੂੰ ਆਪਣੀ ਸ਼ਿਕਾਇਤ ਦਾ ਹੱਲ ਕਰਨ ਲਈ ਕਮਪਲੇਂਟ ਰੈਜ਼ੋਲੂਸ਼ਨ (ਸ਼ਿਕਾਇਤ ਦਾ ਹੱਲ) ਦੀ ਕੋਸ਼ਿਸ਼ ਕਰਨ ਲਈ ਉਤਸ਼ਾਹ ਦਿੰਦੇ ਹਾਂ।

ਇਸ ਕਾਰਵਾਈ ਵਿਚ ਮਦਦ ਕਰਨ ਲਈ ਅਸੀਂ ਕਮਿਊਨਟੀ ਵਿਚਲੀਆਂ ਮਦਦ ਦੀਆਂ ਸੇਵਾਵਾਂ ਤੱਕ ਪਹੁੰਚ ਪ੍ਰਦਾਨ ਕਰ ਸਕਦੇ ਹਾਂ।

ਇਹ ਪੱਕਾ ਕਰਨ ਲਈ ਓ ਪੀ ਸੀ ਸੀ ਹਰ ਹੱਲ ਦੀ ਪੜਚੋਲ ਕਰਦਾ ਹੈ ਕਿ ਇਹ ਸਹੀ ਅਤੇ ਢੁਕਵਾਂ ਹੈ।


**ਸੰਪਰਕ**

ਟੈਲੀਫੋਨ: (250) 356-7458
ਫੈਕਸ: (250) 356-6503
ਟੋਲ-ਫ੍ਰੀ ਕਾਲ: 1-877-999-8707
ਈਮੇਲ: info@opcc.bc.ca

**ਸਥਾਨ**

2nd floor, 947 Fort Street
Victoria, British Columbia

**ਚਿੱਠੀ ਪੱਤਰ ਲਈ ਐਡਰੈਸ**

PO Box 9895, Stn Prov Govt
Victoria, BC V8W 9T8


ਜ਼ਿਆਦਾ ਜਾਣਕਾਰੀ ਲਈ ਸਾਡੇ ਵੈੱਬਸਾਈਟ ’ਤੇ ਜਾਉ

**www.opcc.bc.ca**

[Punjabi]

ਰਲ ਕੇ ਕਿਸੇ ਹੱਲ ’ਤੇ ਪਹੁੰਚਣਾ

OPCC
OFFICE OF THE POLICE COMPLAINT COMMISSIONER



# ਕਮਪਲੇਂਟ ਰੈਜ਼ੋਲੂਸ਼ਨ (ਸ਼ਿਕਾਇਤਾਂ ਦਾ ਹੱਲ)

**ਪੁਲੀਸ ਨਾਲ ਸੰਬੰਧਿਤ ਸ਼ਿਕਾਇਤਾਂ ਦਾ ਹੱਲ ਕਰਨ ਲਈ ਇਕ ਜਵਾਬਦੇਹ ਅਤੇ ਅਸਰਦਾਰ ਤਰੀਕਾ**

ਨੇਕ ਨੀਤੀ, ਆਜ਼ਾਦੀ, ਨਿਰਪੱਖਤਾ

www.opcc.bc.ca

# ਕਮਪਲੇਂਟ ਰੈਜ਼ੋਲੂਸ਼ਨ (ਸ਼ਿਕਾਇਤਾਂ ਦਾ ਹੱਲ) ਕੀ ਹੈ?

ਇਹ ਘੱਟ ਗੰਭੀਰ ਸ਼ਿਕਾਇਤਾਂ ਦਾ ਹੱਲ ਕਰਨ ਅਤੇ ਹਿੱਸਾ ਲੈਣ ਵਾਲਿਆਂ ਨੂੰ ਸ਼ਿਕਾਇਤ ਦੇ ਨਤੀਜੇ ਵਿਚ ਸ਼ਾਮਲ ਹੋਣ ਦੇਣ ਦਾ ਇਕ ਤਰੀਕਾ ਹੈ। ਇਹ ਅਮਲ ਪੁਲੀਸ ਨਾਲ ਸੰਬੰਧਿਤ ਸ਼ਿਕਾਇਤਾਂ ਦਾ ਹੱਲ ਕਰਨ ਲਈ ਇਕ ਜਵਾਬਦੇਹ ਅਤੇ ਅਸਰਦਾਰ ਤਰੀਕਾ ਹੈ।

## ਇਹ ਕਿਵੇਂ ਕੰਮ ਕਰਦਾ ਹੈ?

ਕਮਪਲੇਂਟ ਰੈਜ਼ੋਲੂਸ਼ਨ ਵਿਚ ਹਿੱਸਾ ਲੈਣਾ ਮਰਜ਼ੀ ਹੈ ਅਤੇ ਇਹ ਸ਼ਿਕਾਇਤ ਦੀ ਕਾਰਵਾਈ ਦੌਰਾਨ ਕਿਸੇ ਵੀ ਸਮੇਂ ਹੋ ਸਕਦਾ ਹੈ। ਸ਼ਿਕਾਇਤਕਰਤਾ ਅਤੇ ਪੁਲੀਸ ਅਫਸਰ ਦੋਨਾਂ ਲਈ ਫਾਸਿਲੀਟੇਟਰ ਨਾਲ ਕੰਮ ਕਰਨ ਲਈ ਸਹਿਮਤ ਹੋਣਾ ਜ਼ਰੂਰੀ ਹੈ ਜਿਹੜਾ ਦੋਨਾਂ ਧਿਰਾਂ ਦੀ ਕਿਸੇ ਹੱਲ ’ਤੇ ਪਹੁੰਚਣ ਵਿਚ ਮਦਦ ਕਰੇਗਾ। ਹਿੱਸਾ ਲੈਣ ਲਈ ਤੁਹਾਡੇ ਲਈ ਆਪ ਮਿਲਣਾ ਜ਼ਰੂਰੀ ਨਹੀਂ ਹੈ। ਦੋਨਾਂ ਵਿੱਚੋਂ ਕੋਈ ਵੀ ਵਿਅਕਤੀ ਕਿਸੇ ਵੀ ਸਮੇਂ ਇਸ ਅਮਲ ਵਿੱਚੋਂ ਬਾਹਰ ਨਿਕਲ ਸਕਦਾ ਹੈ। ਜੇ ਅਜਿਹਾ ਹੁੰਦਾ ਹੈ ਤਾਂ ਸ਼ਿਕਾਇਤ ਦੀ ਪੜਤਾਲ ਜਾਰੀ ਰਹੇਗੀ।

ਜੇ ਇਹ ਅਮਲ ਕਾਮਯਾਬ ਹੋ ਜਾਂਦਾ ਹੈ ਤਾਂ ਸਾਰੀਆਂ ਧਿਰਾਂ ਹੱਲ ਲਈ ਸਹਿਮਤ ਹੁੰਦੀਆਂ ਹਨ। ਤਜਵੀਜ਼ਸ਼ੁਦਾ ਹੱਲ ਲਿਖਤੀ ਰੂਪ ਵਿਚ ਹੁੰਦਾ ਹੈ, ਅਤੇ ਇਸ ਵਿਚ ਹੱਲ ਦੇ ਖਾਸ ਸ਼ਬਦ (ਨਤੀਜੇ) ਸ਼ਾਮਲ ਹੁੰਦੇ ਹਨ।





## ਕਮਪਲੇਂਟ ਰੈਜ਼ੋਲੂਸ਼ਨ ਰਾਹੀਂ ਮੈਨੂੰ ਕਿਹੜੇ ਫਾਇਦੇ ਮਿਲਦੇ ਹਨ?

ਕਮਪਲੇਂਟ ਰੈਜ਼ੋਲੂਸ਼ਨ ਦੇ ਤਰੀਕੇ ਦਾ ਸ਼ਿਕਾਇਤ ਕਰਨ ਵਾਲਿਆਂ ਅਤੇ ਪੁਲੀਸ ਅਫਸਰਾਂ ਨੂੰ ਫਾਇਦਾ ਹੁੰਦਾ ਹੈ। ਦੋਨਾਂ ਨੂੰ ਆਪਣੇ ਦ੍ਰਿਸ਼ਟੀਕੋਣ ਸਾਂਝੇ ਕਰਨ ਦਾ ਮੌਕਾ ਮਿਲਦਾ ਹੈ ਅਤੇ ਉਹ ਘਟਨਾ ਦਾ ਹੱਲ ਕਰਨ ਲਈ ਸਾਂਝਾ ਆਧਾਰ ਲੱਭਦੇ ਹਨ।

ਕਮਪਲੇਂਟ ਰੈਜ਼ੋਲੂਸ਼ਨ ਹਰ ਇਕ ਨੂੰ ਸਿੱਖਣ ਦਾ ਇਕ ਪ੍ਰਭਾਵਸ਼ਾਲੀ ਮੌਕਾ ਦਿੰਦਾ ਹੈ।

ਹੋਰ ਫਾਇਦਿਆਂ ਵਿਚ ਇਹ ਸ਼ਾਮਲ ਹਨ:

- ਆਪਣੀ ਸ਼ਿਕਾਇਤ ਦਾ ਹੱਲ ਕਰਨ ਵਿਚ ਸਿੱਧਾ ਦਖਲ।
- ਆਪਣੇ ਸਵਾਲਾਂ ਦੇ ਜਵਾਬ ਲੈਣਾ।
- ਆਪਣੀ ਸ਼ਿਕਾਇਤ ਦਾ ਤੇਜ਼ੀ ਨਾਲ ਹੱਲ।
- ਇਹ ਸਭਿਆਚਾਰਕ ਤੌਰ ’ਤੇ ਢੁਕਵੇਂ ਅਮਲਾਂ ਜਾਂ ਨਿਯਮਾਂ ਦੀ ਸ਼ਮੂਲੀਅਤ ਕਰਵਾ ਸਕਦਾ ਹੈ।

**1-877-999-8707** ’ਤੇ ਮੁਫਤ ਫੋਨ ਕਰੋ ਜਾਂ **www.opcc.bc.ca** ’ਤੇ ਜਾਉ।

## ਚੰਗੇ ਨਤੀਜੇ

ਹਿੱਸਾ ਲੈਣ ਵਾਲੇ ਬਹੁਤ ਸਾਰੇ ਲੋਕਾਂ ਨੂੰ ਇਹ ਤਰੀਕਾ ਆਪਣੇ ਸਰੋਕਾਰਾਂ ਦਾ ਹੱਲ ਕਰਨ ਵਿਚ ਮਦਦ ਕਰਨ ਵਾਲਾ ਲੱਗਾ ਹੈ। ਕੁਝ ਲੋਕਾਂ ਨੇ ਇਹ ਕਿਹਾ ਹੈ:

> *“ਇਸ ਤਰੀਕੇ ਨੇ ਅਫਸਰ ਅਤੇ ਡਿਪਾਰਟਮੈਂਟ ਦੋਨਾਂ ਵਿਚ ਆਪਣਾ ਭਰੋਸਾ ਮੁੜ ਕੇ ਬਹਾਲ ਕਰਨ ਵਿਚ ਮੇਰੀ ਮਦਦ ਕੀਤੀ ਹੈ।”*

> *“ਮੈਂ ਇਹ ਮਹਿਸੂਸ ਕੀਤਾ ਕਿ ਮੈਨੂੰ ਸੁਣਿਆ ਗਿਆ ਹੈ।”*

> *“ਸਭ ਤੋਂ ਸੰਤੁਸ਼ਟੀ ਵਾਲੀ ਚੀਜ਼ ਅਫਸਰ ਵਲੋਂ ਮਾਫ਼ੀ ਮੰਗੇ ਜਾਣਾ ਸੀ ਅਤੇ ਇਹ ਪਤਾ ਲੱਗਣਾ ਸੀ ਕਿ ਉਹ ਬਿਹਤਰ ਤਰੀਕੇ ਨਾਲ ਵਰਤਾਉ ਕਰ ਸਕਦਾ ਸੀ।”*

## ਗੁਪਤ

ਕਮਪਲੇਂਟ ਰੈਜ਼ੋਲੂਸ਼ਨ ਗੁਪਤ ਹੈ, ਜਿਸ ਵਿਚ ਸਾਰੀ ਗੱਲਬਾਤ ਅਤੇ ਆਖਰੀ ਹੱਲ ਵੀ ਸ਼ਾਮਲ ਹਨ।

